# ਨਗਰ ਨਿਗਮ
# ਅੰਮ੍ਰਿਤਸਰ

# ਬਜਟ ਸਾਲ

# 2015-16

ਵਿਸਾ:- **<u>ਨਗਰ ਨਿਗਮ ਅੰਮ੍ਰਿਤਸਰ ਦਾ ਅਨੁਮਾਨਤ ਬਜਟ ਸਾਲ 2015-16</u>**

ਇਸ ਦਫਤਰ ਦੇ ਪੱਤਰ ਨੰ:ਡੀ.ਸੀ.ਐਫ.ਏ /626 ਮਿਤੀ 28-10-14 ਅਤੇ ਯਾਦ ਪੱਤਰ ਨੰ:ਡੀ.ਸੀ. ਐਫ.ਏ/659 ਮਿਤੀ 28-11-14, ਨੰ: ਡੀ.ਸੀ.ਐਫ.ਏ/685 ਮਿਤੀ 16-12-14, ਡੀ.ਸੀ.ਐਫ.ਏ/715 ਮਿਤੀ 6-1-15 ਰਾਹੀ ਸਾਲ 2015-16 ਦਾ ਅਨੁਮਾਨਤ ਬਜਟ ਬਣਾਉਣ ਲਈ ਵੱਖ-ਵੱਖ ਵਿਭਾਗਾਂ ਪਾਸੋ ਵੇਰਵੇ ਮੰਗੇ ਗਏ ਸੀ, ਵੇਰਵੇ ਪ੍ਰਾਪਤ ਹੋਣ ਤੋ ਬਾਅਦ ਇਸ ਬਜਟ ਵਿਚ ਸਾਲ 2014-15 ਦਾ ਰੀਵਾਈਜਡ ਅਤੇ ਅਨੁਮਾਨਤ ਬਜਟ ਸਾਲ 2015-16 ਦਾ ਬਣਾਇਆ ਗਿਆ ਹੈ। ਸਰਕਾਰ ਨੇ ਆਪਣੇ ਪੱਤਰ ਨੰ: ਲੇਖਾਕਾਰ- 6-ਓਕਵਲ-ਡਸਸ-(454)-14/46646-706 ਮਿਤੀ 27-11-14 ਰਾਹੀ ਸਾਲ 2015-16 ਦਾ ਬਜਟ ਨਿਰਧਾਰਿਤ ਪ੍ਰੋਫਾਰਮਿਆਂ / ਟੇਬਲਾਂ ਵਿਚ ਬਨਾਉਣ ਸਬੰਧੀ ਦਿਸਾ ਨਿਰਦੇਸ ਜਾਰੀ ਕੀਤੇ ਸਨ। ਇੰਨ੍ਹਾਂ ਦਿਸਾ ਨਿਰਦੇਸਾਂ ਅਨੁਸਾਰ ਅਮਲਾਂ, ਅਚਨਚੇਤ ਅਤੇ ਵਿਕਾਸ ਦੇ ਕੰਮਾਂ ਲਈ ਬਜਟ ਵਿਚੋ ਆਮਦਨ ਦਾ ਕ੍ਰਮਵਾਰ 20%,5%,75% ਖਰਚ ਕਰਨ ਦਾ ਉਪਬੰਧ ਕਰਨ ਲਈ ਕਿਹਾ ਗਿਆ ਹੈ । ਨਗਰ ਨਿਗਮ, ਅੰਮ੍ਰਿਤਸਰ ਦਾ ਜੋ ਸਾਲ 2015-16 ਦਾ ਅਨੁਮਾਨਿਤ ਬਜਟ ਬਣਾਇਆ ਗਿਆ ਹੈ ਉਸ ਅਨੁਸਾਰ ਅਮਲੇ ਤੇ 58%, ਅਚਨਚੇਤ ਤੇ 4%, ਅਤੇ ਵਿਕਾਸ ਦੇ ਕੰਮਾਂ ਵਿਚ 38%, ਅਨੁਮਾਨਿਤ ਖਰਚਾ ਹੋਵੇਗਾ।

ਨਗਰ ਨਿਗਮ, ਅੰਮ੍ਰਿਤਸਰ ਦਾ ਬਜਟ ਵੱਖ-ਵੱਖ ਹੈਡਾਂ ਵਿਚ ਨੱਥੀ ਅਨੁਲਗਾਂ ਵਿਚ ਦਰਸਾਇਆ ਗਿਆ ਹੈ । ਸਾਲ 2015-16 ਵਿਚ ਜੋ ਵੀ ਉਪਬੰਧ ਕੀਤਾ ਜਾ ਰਿਹਾ ਹੈ, ਦੇ ਸਬੰਧ ਵਿਚ ਆਸ ਕੀਤੀ ਜਾਂਦੀ ਹੈ ਕਿ ਇਹ ਉਪਬੰਧ ਅਗਲੇ ਸਾਲ ਵਿਚ ਪੂਰਾ ਕੀਤਾ ਜਾਵੇਗਾ। ਨਗਰ ਨਿਗਮ, ਅੰਮ੍ਰਿਤਸਰ ਵੱਲੋ ਸੋਧਿਆਂ ਹੋਇਆ ਬਜਟ ਸਾਲ 2014-15 ਅਤੇ ਅਨੁਮਾਨਿਤ ਬਜਟ 2015-16 ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਨਗਰ ਨਿਗਮ ਅੰਮ੍ਰਿਤਸਰ ਦੇ ਕੰਬਾਇੰਡ, ਜਨਰਲ ਸਾਈਡ ਅਤੇ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦਾ ਬਜਟ ਕ੍ਰਮਵਾਰ ਅਨੁਲਗ 1,2 ਅਤੇ 3,12 ਵਿਚ ਦਰਸਾਇਆ ਗਿਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :-

ਸਰਕਾਰ ਵਲੋ ਸਾਲ 2014-15 ਦਾ ਬਜਟ ਪਾਸ ਕਰਨ ਸਮੇ ਕੁਲ 31094.00 ਲੱਖ ਰੁਪਏ ਆਮਦਨ ਦਾ ਬਜਟ ਟੀਚਾ ਮੰਜੂਰ ਕੀਤਾ ਗਿਆ ਸੀ ਜਿਸ ਵਿਚ 28894.00 ਲੱਖ ਰੁਪਏ ਜਨਰਲ ਸਾਈਡ ਦੀ ਆਮਦਨ ਅਤੇ 2200.00 ਲੱਖ ਰੁਪਏ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ ਮੰਜੂਰ ਕੀਤੀ ਗਈ ਸੀ। ਇਸ ਆਮਦਨ ਵਿਰੁੱਧ ਸਰਕਾਰ ਵਲੋ ਸਾਲ 2014-15 ਲਈ 30927.18 ਲਖ ਰੁਪਏ ਦਾ ਕੁਲ ਖਰਚਾ ਨਗਰ ਨਿਗਮ ਦਾ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਚੋ

ਚਲਦਾ ਸਫ਼ਾ...2

17000.00 ਲਖ ਰੁਪਏ ਅਮਲੇ ਲਈ, 1129.00 ਲੱਖ ਰੁਪਏ ਕੰਟੀਜੈਸੀ ਲਈ ਅਤੇ 12798.18 ਲੱਖ ਰੁਪਏ ਵਿਕਾਸ ਦੇ ਕੰਮਾਂ ਲਈ ਸੀ । ਨਗਰ ਨਿਗਮ, ਅੰਮ੍ਰਿਤਸਰ ਦਾ ਸਾਲ 2015-16 ਦਾ ਅਨੁਮਾਨਤ ਬਜਟ ਜੋ ਕੁਲ 36461.00 ਲਖ ਰੁਪਏ ਦਾ ਤਿਆਰ ਕੀਤਾ ਗਿਆ ਹੈ, ਇਸ ਵਿਚ ਸਰਕਾਰ ਵਲੋ ਜੋ ਪ੍ਰਾਪਰਟੀ ਟੈਕਸ ਲਗਾਇਆ ਗਿਆ ਹੈ ਦੀ ਆਮਦਨ ਵੀ ਸਾਮਿਲ ਹੈ ਇਸ ਤੋ ਇਲਾਵਾ ਜੇਕਰ ਸਰਕਾਰ ਵਲੋ ਕਿਸੇ ਵੀ ਟੈਕਸ, ਫੀਸ ਆਦਿ ਦਾ ਵਾਧਾ ਕੀਤਾ ਜਾਵੇਗਾ ਤਾਂ ਉਸ ਅਨੁਸਾਰ ਨਗਰ ਨਿਗਮ ਦੀ ਆਮਦਨ ਵਿਚ ਵਾਧਾ ਵਖਰਾ ਹੋਵੇਗਾ ।

**ਜਨਰਲ ਸਾਈਡ ਦੀ ਆਮਦਨ**

ਸਰਕਾਰ ਵੱਲੋ ਜਨਰਲ ਸਾਈਡ ਦੀ ਆਮਦਨ ਸਾਲ 2014-15 ਲਈ 28894.00 ਲੱਖ ਰੁਪਏ ਮੰਜੂਰ ਕੀਤੀ ਗਈ ਸੀ । ਮਿਤੀ 1-4-14 ਨੂੰ ਜਨਰਲ ਸਾਈਡ ਦਾ ਮੁੱਢਲਾ ਬਕਾਇਆ 676.73 ਲੱਖ ਰੁਪਏ ਸੀ । ਮਿਤੀ 1-4-2014 ਤੋ 31-12-2014 ਤਕ ਜਨਰਲ ਸਾਈਡ ਦੀ ਆਮਦਨ 17448.40 ਲੱਖ ਰੁਪਏ ਪ੍ਰਾਪਤ ਹੋਈ ਹੈ,ਸਾਲ 2014-15 ਦੀ ਆਮਦਨ 25778.75 ਲੱਖ ਰੁਪਏ ਪ੍ਰਾਪਤ ਹੋਣ ਦੀ ਆਸ ਹੈ ਇਸ ਵਿਚ ਹੁਡਕੋ ਕਰਜਾ 400.00 ਲੱਖ ਰੁਪਏ ਸਾਮਲ ਹੈ । ਸਾਲ 2015-16 ਲਈ ਆਮਦਨ ਦਾ ਟੀਚਾ 34061.00 ਲੱਖ ਰੁਪਏ ਮਿਥਿਆ ਗਿਆ ਹੈ ਇਸ ਵਿਚ ਹੁਡਕੋ ਕਰਜਾ 3500 ਲੱਖ ਰੁ: ਸਾਮਲ ਹੈ । ਇਸ ਦਾ ਵੇਰਵਾ ਅਨੁਲਗ-4 ਵਿਚ ਦਰਸਾਇਆ ਗਿਆ ਹੈ।

**ਖਰਚਾ**

**ਅਮਲਾ ਖਰਚਾ**

ਸਾਲ 2014-15 ਵਿਚ ਇਸ ਮੱਦ ਅਧੀਨ ਸਰਕਾਰ ਦੁਆਰਾ 13900.00 ਲੱਖ ਰੁਪਏ ਮੰਨਜੂਰ ਕੀਤੇ ਗਏ ਸਨ ਪਰ ਇਸ ਵਿਚੋ 31-12-14 ਤੱਕ 10000.59 ਲੱਖ ਰੁਪਏ ਦਾ ਖਰਚਾ ਹੋ ਚੁੱਕਾ ਹੈ। ਪਿਛਲੇ ਮਹੀਨਿਆਂ ਦੇ ਖਰਚਿਆਂ ਨੂੰ ਮੱਧੇ ਨਜਰ ਰਖਦੇ ਹੋਏ ਹੁਣ ਸਾਲ 2014-15 ਦਾ ਸੋਧਿਆ ਖਰਚਾ 14000.00 ਲੱਖ ਰੁਪਏ ਤਜਵੀਜ ਕੀਤਾ ਗਿਆ ਹੈ। ਸਾਲ 2014-15 ਵਿਚ ਜੋ ਸਰਕਾਰ ਵੱਲੋ ਬਜਟ ਪਾਸ ਕੀਤਾ ਗਿਆ ਸੀ ਉਸ ਵਿਚ ਖਾਲੀ ਆਸਾਮੀਆ ਦਾ ਖਰਚਾ ਘਟਾ ਕੇ ਬਜਟ ਪਾਸ ਕੀਤਾ ਸੀ। ਇਸ ਮੱਦ ਅਧੀਨ ਸਾਲ 2015-16 ਲਈ 16749.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਸਾਲ ਵਿਚ ਵੀ ਖਾਲੀ ਅਸਾਮੀਆਂ ਦਾ ਖਰਚਾ ਘਟਾਉਣ ਉਪਰੰਤ ਹੀ ਬਜਟ ਉਪਬੰਧ ਕੀਤਾ

ਚਲਦਾ ਸਫਾ....3

ਗਿਆ ਹੈ ਇਸ ਤੋ ਇਲਾਵਾ ਕਰਮਚਾਰੀਆਂ ਦੀ ਗ੍ਰੈਚੁਅਟੀ, ਐਕਸਗਰੇਸੀਆ, ਬਕਾਇਆ ਛੁੱਟੀਆਂ ਦੇ ਲਾਭ, ਪੀ.ਐਫ. ਦੇ ਬਕਾਏ ਅਤੇ ਹੋਰ ਬਕਾਏ ਆਦਿ ਦਾ ਖਰਚਾ ਵੀ ਇਸ ਵਿਚ ਸਾਮਲ ਹੈ। ਅਮਲੇ ਖਰਚੇ ਦਾ ਵੇਰਵਾ ਅਨੁਲਗ-5 ਵਿਚ ਦਰਸਾਇਆ ਗਿਆ ਹੈ ।

**ਕੰਟੀਜੈਸੀ**

ਸਾਲ 2014-15 ਵਿਚ ਇਸ ਮਦ ਹੇਠ 1099.00 ਲੱਖ ਰੁਪਏ ਦਾ ਬਜਟ ਉਪਬੰਧ ਮੰਜੂਰ ਕੀਤਾ ਗਿਆ ਸੀ ਅਤੇ ਮਿਤੀ 1-4-14 ਤੋ 31-12-14 ਤੱਕ ਇਸ ਮੱਦ ਅਧੀਨ 873.84 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਅਤੇ ਖਰਚੇ ਦੀ ਪਿਛਲੀ ਰਫਤਾਰ ਨੂੰ ਵੇਖਦੇ ਹੋਏ 1279.00 ਲੱਖ ਰੁਪਏ ਸੋਧੇ ਹੋਏ ਬਜਟ ਵਿਚ ਖਰਚ ਹੋਣ ਦੀ ਤਜਵੀਜ ਹੈ।ਸਾਲ 2015-16 ਵਿਚ ਇਸ ਮੱਦ ਅਧੀਨ 1357.00 ਲੱਖ ਰੁਪਏ ਖਰਚ ਹੋਣ ਦੀ ਆਸ ਹੈ। ਜਿਸ ਦਾ ਵੇਰਵਾ ਅਨੁਲਗ - 6 ਏ ਵਿਚ ਦਰਸਾਇਆ ਗਿਆ ਹੈ।

**ਵਿਕਾਸ ਦੇ ਖਰਚੇ ਦਾ ਵੇਰਵਾ**

ਸਾਲ 2014-15 ਵਿਚ ਇਸ ਮੱਧ ਅਧੀਨ 8498.18 ਲੱਖ ਰੁਪਏ ਦਾ ਬਜਟ ਸਰਕਾਰ ਵੱਲੋ ਪ੍ਰਵਾਨ ਕੀਤਾ ਗਿਆ ਸੀ ਮਿਤੀ 1-4-14 ਤੋ 31-12-14 ਤੱਕ ਇਸ ਮੱਦ ਅਧੀਨ ਜਰਨਲ ਸਾਈਡ ਕੁਲ ਖਰਚਾ 3345.94 ਲੱਖ ਰੁਪਏ ਹੋ ਚੁੱਕਾ ਹੈ। ਇਸ ਤੋ ਇਲਾਵਾ ਜਨਰਲ ਸਾਈਡ ਵਲੋ 3394.83 ਲਖ ਰੁਪਏ ਦਾ ਕੰਟਰੀਬਿਊਸਨ ਮਿਤੀ 31-12-14 ਤਕ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਨੂੰ ਦਿੱਤਾ ਜਾ ਚੁੱਕਾ ਹੈ ।ਸੋਧੇ ਹੋਏ ਬਜਟ ਅਨੁਸਾਰ ਸਾਲ 2014-15 ਲਈ ਜਨਰਲ ਸਾਈਡ ਦੇ ਵਿਕਾਸ ਦੇ ਕੰਮਾਂ ਲਈ 8372.00 ਲੱਖ ਰੁ: ਖਰਚ ਹੋਣ ਦੀ ਆਸ ਹੈ। ਸਾਲ 2015-16 ਲਈ ਵਿਕਾਸ ਦੇ ਕੰਮ ਲਈ 9432 ਲੱਖ ਰੁ: ਖਰਚ ਕਰਨ ਦਾ ਉਪਬੰਧ ਕੀਤਾ ਗਿਆ ਹੈ, ਇਹ ਕੰਮ ਕਰਵਾਉਣ ਲਈ ਹੁਡਕੋ ਕੋਲੋ 3500 ਲੱਖ ਰੁਪਏ ਕਰਜਾ ਲਿਆ ਜਾਵੇਗਾ। ਇਸ ਤੋ ਇਲਾਵਾ 6523.00 ਲੱਖ ਰੁਪਏ ਦਾ ਯੋਗਦਾਨ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਦਿੱਤਾ ਜਾਵੇਗਾ । ਇਸ ਸਬੰਧ ਵਿਚ ਵੇਰਵਾ ਅਨੁਲਗ- 7 ਏ ਅਤੇ 7ਬੀ ਵਿਚ ਦਰਸਾਇਆ ਗਿਆ ਹੈ ।

ਚਲਦਾ ਸਫਾ-4

## ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ

### ਆਮਦਨ

ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੇ ਆਪਣੇ ਬਜਟ ਸਾਲ 2014-15 ਲਈ 2200.00 ਲੱਖ ਰੁਪਏ ਦੀ ਆਮਦਨ ਦੀ ਸਰਕਾਰ ਵੱਲੋ ਮੰਜ਼ੂਰੀ ਦਿੱਤੀ ਗਈ ਸੀ। ਮਿਤੀ 1-4-14 ਨੂੰ ਇਸ ਵਿਭਾਗ ਦਾ ਮੁੱਢਲਾ ਬਕਾਇਆ 6.70 ਲੱਖ ਰੁਪਏ ਸੀ । ਇਸ ਵਿਭਾਗ ਨੂੰ ਮਿਤੀ 1-4-14 ਤੋ 31-12-14 ਤੱਕ 1091.00 ਲੱਖ ਰੁਪਏ ਆਮਦਨ ਪ੍ਰਾਪਤ ਹੋਈ ਹੈ ਅਤੇ ਸਾਲ 2014-15 ਦੋਰਾਨ 1800.00 ਲੱਖ ਰੁਪਏ ਹੋਣ ਦੀ ਆਸ ਹੈ ।ਸਾਲ 2015-16 ਵਿਚ 2400.00 ਲੱਖ ਰੁਪਏ ਦੀ ਆਮਦਨ ਦਾ ਉਪਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ 6523 ਲਖ ਰੁਪਏ ਦਾ ਕੰਟਰੀਬਿਊਸ਼ਨ ਸਾਲ 2015-16 ਦੋਰਾਨ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਵਲੋ ਨਗਰ ਨਿਗਮ, ਅੰਮ੍ਰਿਤਸਰ ਦੀ ਜਨਰਲ ਸਾਇਡ ਤੋ ਪ੍ਰਾਪਤ ਕਰਨ ਦਾ ਉਪਬੰਧ ਕੀਤਾ ਗਿਆ ਹੈ । ਇਸ ਦਾ ਵੇਰਵਾ ਅਨੁਲਗ 3 ਅਤੇ 12 ਤੇ ਦਰਸਾਇਆ ਗਿਆ ਹੈ ।

### ਖਰਚਾ ਅਮਲਾ

ਇਸ ਵਿਭਾਗ ਦੇ ਅਮਲੇ ਦਾ ਖਰਚਾ ਸਾਲ 2014-15 ਲਈ 3100.00 ਲੱਖ ਰੁਪਏ ਸਰਕਾਰ ਵੱਲੋ ਮੰਜ਼ੂਰ ਕੀਤਾ ਗਿਆ ਸੀ ਮਿਤੀ 1-4-13 ਤੋ 31-12-14 ਤੱਕ ਇਸ ਮੱਦ ਅਧੀਨ 2242.56 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਜਦੋਂ ਕਿ ਇਸ ਮੱਦ ਅਧੀਨ 3000.00 ਲੱਖ ਰੁਪਏ ਖਰਚ ਹੋਣ ਦੀ ਆਸ ਹੈ। ਖਰਚ ਵਿਚ ਵਾਧਾ ਹੋਣ ਦਾ ਕਾਰਣ ਸੋਧੇ ਹੋਏ ਰੀਵਾਈਜਡ ਗ੍ਰੇਡਾਂ ਦਾ ਲਾਗੂ ਹੋਣਾ ਅਤੇ ਇਸ ਦਾ ਬਕਾਇਆ ਦੇਣ ਦਾ ਉਪਬੰਧ, ਡੀਏ ਦੀ ਕਿਸ਼ਤ ਅਤੇ ਆਦਿ ਦੇਣਾ ਹੈ।ਸਾਲ 2015-16 ਲਈ ਇਸ ਮੱਦ ਹੇਠ 4343.00 ਲੱਖ ਰੁਪਏ ਖਰਚ ਹੋਣ ਦੀ ਤਜਵੀਜ ਹੈ ਅਤੇ ਅਮਲੇ ਦੇ ਖਰਚੇ ਵਿਚੋ ਖਾਲੀ ਅਸਾਮੀਆਂ ਦਾ ਖਰਚਾ ਘਟਾ ਕੇ ਬਜਟ ਬਣਾਇਆ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 9 ਵਿਚ ਦਰਜ ਹੈ।

### ਅਚਨਚੇਤ ਖਰਚਾ

ਇਸ ਮੱਧ ਹੇਠ ਸਾਲ 2014-15 ਲਈ 30.00 ਲੱਖ ਰੁਪਏ ਖਰਚੇ ਦੀ ਮੰਜ਼ੂਰੀ ਸਰਕਾਰ ਵੱਲੋ ਮਿਲੀ ਸੀ, ਮਿਤੀ 1-4-14 ਤੋ 31-12-14 ਤੱਕ ਇਸ ਮੱਦ ਅਧੀਨ 6.41 ਲੱਖ ਰੁਪਏ ਖਰਚਾ ਹੋ ਚੁੱਕਾ ਹੈ। ਇਸ ਸਾਲ ਦੋਰਾਨ 10.00 ਲੱਖ ਰੁ: ਖਰਚ ਹੋਣ ਦੀ ਆਸ ਹੈ । ਸਾਲ 2015-16 ਲਈ 30.00 ਲੱਖ ਰੁਪਏ ਦਾ ਖਰਚਾ ਇਸ ਹੈਡ ਵਿਚ ਕਰਨ ਦਾ ਉਪਬੰਧ ਕੀਤਾ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 12 ਵਿਚ ਦਰਜ ਹੈ ।

ਚਲਦਾ ਸਫਾ-5

**ਵਿਕਾਸ ਦੇ ਕੰਮਾਂ ਤੇ ਖਰਚਾ**

ਸਾਲ 2014-15 ਲਈ ਇਸ ਮੱਦ ਹੇਠ 4300.00 ਲੱਖ ਰੁਪਏ ਦਾ ਖਰਚਾ ਕਰਨ ਦੀ ਪ੍ਰਵਾਨਗੀ ਸਰਕਾਰ ਵੱਲੋ ਦਿੱਤੀ ਗਈ ਸੀ । ਮਿਤੀ 1-4-14 ਤੋ 31-12-14 ਤੱਕ ਇਸ ਮੱਦ ਅਧੀਨ 2240.80 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਅਤੇ ਇਹ ਖਰਚਾ 4300.00 ਲੱਖ ਰੁਪਏ ਸਾਲ 2014-15 ਵਿਚ ਹੋਣ ਦੀ ਆਸ ਹੈ । ਸਾਲ 2015-16 ਵਿਚ ਇਸ ਮੱਦ ਹੇਠ 4550.00 ਲੱਖ ਰੁਪਏ ਖਰਚੇ ਦਾ ਉਪਬੰਧ ਕੀਤਾ ਗਿਆ ਹੈ । ਜਿਸ ਦਾ ਵੇਰਵਾ ਅਨੁਲਗ 3, 11 ਅਤੇ 12 ਵਿਚ ਦਰਸਾਇਆ ਗਿਆ ਹੈ। ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ 2400.00 ਲੱਖ ਰੁਪਏ ਸਾਲ 2015-16 ਵਿਚ ਹੋਣ ਦੀ ਆਸ ਹੈ ਜਦੋ ਕਿ ਇਸ ਵਿਭਾਗ ਦਾ ਕੁਲ ਖਰਚਾ 8923.00 ਲੱਖ ਰੁਪਏ ਹੋਵੇਗਾ ਅਤੇ ਘਾਟਾ ਪੂਰਾ ਕਰਨ ਲਈ ਜਨਰਲ ਸਾਈਡ ਤੋ ਬਤੌਰ ਯੋਗਦਾਨ 6523.00 ਲੱਖ ਰੁਪਏ ਲੈਣ ਦੀ ਤਜਵੀਜ ਹੈ ਇਸ ਦਾ ਵੇਰਵਾ ਅਨੁਲਗ-3,12 ਵਿਚ ਦਰਸਾਇਆ ਗਿਆ ਹੈ। ਨਗਰ ਨਿਗਮ ਅੰਮ੍ਰਿਤਸਰ ਵਲੋ ਨਗਰ ਸੁਧਾਰ ਟਰਸਟ ਅੰਮ੍ਰਿਤਸਰ ਪਾਸੋ ਲਏ ਹੋਏ ਕਰਜਿਆਂ ਦੇ ਮੂਲ ਅਤੇ ਵਿਆਜ ਦੀ ਵਾਪਸੀ ਦਾ ਕੋਈ ਬਜਟ ਉਪਬੰਧ ਨਹੀ ਕੀਤਾ ਗਿਆ ਹੈ।

ਉਪਰੋਕਤ ਅਨੁਸਾਰ ਜੇਕਰ ਆਪ ਜੀ ਸਹਿਮਤ ਹੋਵੋ ਤਾਂ ਰੀਵਾਈਜਡ ਬਜਟ ਸਾਲ 2014-15 ਅਤੇ ਅਨੁਮਾਨ ਬਜਟ ਸਾਲ 2015-16 ਦੀ ਤਜਵੀਜ ਨਗਰ ਨਿਗਮ ਹਾਉਸ ਵਿਚ ਰੱਖਣ ਲਈ ਕੇਸ ਫਾਈਲ ਕਮਿਸਨਰ ਸਾਹਿਬ, ਮੇਅਰ ਸਾਹਿਬ ਜੀ ਨੂੰ ਭੇਜੀ ਜਾਵੇ ਤਾਂ ਜੋ ਹਾਉਸ ਦੇ ਫੈਸਲੇ ਉਪਰੰਤ ਨਗਰ ਨਿਗਮ ਦਾ ਸਾਲ 2014-15 ਦਾ ਸੋਧਿਆ ਹੋਇਆ ਬਜਟ ਅਤੇ ਸਾਲ 2015-16 ਦਾ ਅਨੁਮਾਨਤ ਬਜਟ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਕ੍ਰਮਵਾਰ ਧਾਰਾ 87(1) ਅਤੇ 86(2) ਅਧੀਨ ਸਥਾਨਕ ਸਰਕਾਰ ਨੂੰ ਪ੍ਰਵਾਨਗੀ ਹਿਤ ਭੇਜਿਆ ਜਾ ਸਕੇ ਜੀ ।

ਨਿਗ ਇੰਜੀ:(ਓ.ਐਂਡ ਐਮ)

ਡਿਪਟੀ ਕੰਟਰੋਲਰ ਵਿੱਤ ਅਤੇ ਲੇਖਾ,
ਨਗਰ ਨਿਗਮ, ਅੰਮ੍ਰਿਤਸਰ ।

# <u>ਨਗਰ ਨਿਗਮ ਅੰਮ੍ਰਿਤਸਰ</u>

ਪ੍ਰੈਸੀ:

ਵਿਸਾ:- **<u>ਨਗਰ ਨਿਗਮ ਅੰਮ੍ਰਿਤਸਰ ਦਾ ਅਨੁਮਾਨਤ ਬਜਟ ਸਾਲ 2015-16</u>**

ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਦਾ ਨੋਟ ਮਿਤੀ 24-3-2015 ਜਿਸ ਨੂੰ ਨਿਗਰਾਨ ਇੰਜੀਨੀਅਰ (ਓ ਐਂਡ ਐਮ), ਨਗਰ ਨਿਗਮ ਅੰਮ੍ਰਿਤਸਰ ਵਲੋ ਮਿਤੀ 24-3-2015 ਰਾਹੀ ਪਿੱਠ ਅੰਕਿਤ ਕੀਤਾ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:

ਇਸ ਦਫਤਰ ਦੇ ਪੱਤਰ ਨੰ:ਡੀ.ਸੀ.ਐਫ.ਏ /626 ਮਿਤੀ 28-10-14 ਅਤੇ ਯਾਦ ਪੱਤਰ ਨੰ:ਡੀ.ਸੀ. ਐਫ.ਏ/659 ਮਿਤੀ 28-11-14, ਨੰ: ਡੀ.ਸੀ.ਐਫ.ਏ/685 ਮਿਤੀ 16-12-14, ਡੀ.ਸੀ.ਐਫ.ਏ/715 ਮਿਤੀ 6-1-15 ਰਾਹੀ ਸਾਲ 2015-16 ਦਾ ਅਨੁਮਾਨਤ ਬਜਟ ਬਣਾਉਣ ਲਈ ਵੱਖ-ਵੱਖ ਵਿਭਾਗਾਂ ਪਾਸੋ ਵੇਰਵੇ ਮੰਗੇ ਗਏ ਸੀ, ਵੇਰਵੇ ਪ੍ਰਾਪਤ ਹੋਣ ਤੋ ਬਾਅਦ ਇਸ ਬਜਟ ਵਿਚ ਸਾਲ 2014-15 ਦਾ ਰੀਵਾਈਜਡ ਅਤੇ ਅਨੁਮਾਨਤ ਬਜਟ ਸਾਲ 2015-16 ਦਾ ਬਣਾਇਆ ਗਿਆ ਹੈ। ਸਰਕਾਰ ਨੇ ਆਪਣੇ ਪੱਤਰ ਨੰ: ਲੇਖਾਕਾਰ- 6-ਓਕਵਲ-ਡਸਸ-(454)-14/46646-706 ਮਿਤੀ 27-11-14 ਰਾਹੀ ਸਾਲ 2015-16 ਦਾ ਬਜਟ ਨਿਰਧਾਰਿਤ ਪ੍ਰੋਫਾਰਮਿਆਂ / ਟੇਬਲਾਂ ਵਿਚ ਬਨਾਉਣ ਸਬੰਧੀ ਦਿਸਾ ਨਿਰਦੇਸ ਜਾਰੀ ਕੀਤੇ ਸਨ। ਇੰਨ੍ਹਾਂ ਦਿਸਾ ਨਿਰਦੇਸਾਂ ਅਨੁਸਾਰ ਅਮਲਾਂ, ਅਚਨਚੇਤ ਅਤੇ ਵਿਕਾਸ ਦੇ ਕੰਮਾਂ ਲਈ ਬਜਟ ਵਿਚੋ ਆਮਦਨ ਦਾ ਕ੍ਰਮਵਾਰ 20%,5%,75% ਖਰਚ ਕਰਨ ਦਾ ਉਪਬੰਧ ਕਰਨ ਲਈ ਕਿਹਾ ਗਿਆ ਹੈ । ਨਗਰ ਨਿਗਮ, ਅੰਮ੍ਰਿਤਸਰ ਦਾ ਜੋ ਸਾਲ 2015-16 ਦਾ ਅਨੁਮਾਨਿਤ ਬਜਟ ਬਣਾਇਆ ਗਿਆ ਹੈ ਉਸ ਅਨੁਸਾਰ ਅਮਲੇ ਤੇ 58%, ਅਚਨਚੇਤ ਤੇ 4%, ਅਤੇ ਵਿਕਾਸ ਦੇ ਕੰਮਾਂ ਵਿਚ 38%, ਅਨੁਮਾਨਿਤ ਖਰਚਾ ਹੋਵੇਗਾ।

ਨਗਰ ਨਿਗਮ, ਅੰਮ੍ਰਿਤਸਰ ਦਾ ਬਜਟ ਵੱਖ-ਵੱਖ ਹੈਡਾਂ ਵਿਚ ਨੱਥੀ ਅਨੁਲਗਾਂ ਵਿਚ ਦਰਸਾਇਆ ਗਿਆ ਹੈ । ਸਾਲ 2015-16 ਵਿਚ ਜੋ ਵੀ ਉਪਬੰਧ ਕੀਤਾ ਜਾ ਰਿਹਾ ਹੈ, ਦੇ ਸਬੰਧ ਵਿਚ ਆਸ ਕੀਤੀ ਜਾਂਦੀ ਹੈ ਕਿ ਇਹ ਉਪਬੰਧ ਅਗਲੇ ਸਾਲ ਵਿਚ ਪੂਰਾ ਕੀਤਾ ਜਾਵੇਗਾ। ਨਗਰ ਨਿਗਮ, ਅੰਮ੍ਰਿਤਸਰ ਵੱਲੋ ਸੋਧਿਆਂ ਹੋਇਆ ਬਜਟ ਸਾਲ 2014-15 ਅਤੇ ਅਨੁਮਾਨਿਤ ਬਜਟ 2015-16 ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਨਗਰ ਨਿਗਮ ਅੰਮ੍ਰਿਤਸਰ ਦੇ ਕੰਬਾਇੰਡ, ਜਨਰਲ ਸਾਈਡ ਅਤੇ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦਾ ਬਜਟ ਕ੍ਰਮਵਾਰ ਅਨੁਲਗ 1,2 ਅਤੇ 3,12 ਵਿਚ ਦਰਸਾਇਆ ਗਿਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :-

ਸਰਕਾਰ ਵਲੋ ਸਾਲ 2014-15 ਦਾ ਬਜਟ ਪਾਸ ਕਰਨ ਸਮੇ ਕੁਲ 31094.00 ਲੱਖ ਰੁਪਏ ਆਮਦਨ ਦਾ ਬਜਟ ਟੀਚਾ ਮੰਜੂਰ ਕੀਤਾ ਗਿਆ ਸੀ ਜਿਸ ਵਿਚ 28894.00 ਲੱਖ ਰੁਪਏ ਜਨਰਲ

ਚਲਦਾ ਸਫ਼ਾ...2

ਸਾਈਡ ਦੀ ਆਮਦਨ ਅਤੇ 2200.00 ਲੱਖ ਰੁਪਏ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ ਮੰਜੂਰ ਕੀਤੀ ਗਈ ਸੀ। ਇਸ ਆਮਦਨ ਵਿਰੁੱਧ ਸਰਕਾਰ ਵਲੋ ਸਾਲ 2014-15 ਲਈ 30927.18 ਲਖ ਰੁਪਏ ਦਾ ਕੁਲ ਖਰਚਾ ਨਗਰ ਨਿਗਮ ਦਾ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਚੋ 17000.00 ਲਖ ਰੁਪਏ ਅਮਲੇ ਲਈ, 1129.00 ਲੱਖ ਰੁਪਏ ਕੰਟੀਜੈਸੀ ਲਈ ਅਤੇ 12798.18 ਲੱਖ ਰੁਪਏ ਵਿਕਾਸ ਦੇ ਕੰਮਾਂ ਲਈ ਸੀ । ਨਗਰ ਨਿਗਮ, ਅੰਮ੍ਰਿਤਸਰ ਦਾ ਸਾਲ 2015-16 ਦਾ ਅਨੁਮਾਨਤ ਬਜਟ ਜੋ ਕੁਲ 36461.00 ਲਖ ਰੁਪਏ ਦਾ ਤਿਆਰ ਕੀਤਾ ਗਿਆ ਹੈ, ਇਸ ਵਿਚ ਸਰਕਾਰ ਵਲੋ ਜੋ ਪ੍ਰਾਪਰਟੀ ਟੈਕਸ ਲਗਾਇਆ ਗਿਆ ਹੈ ਦੀ ਆਮਦਨ ਵੀ ਸਾਮਿਲ ਹੈ ਇਸ ਤੋ ਇਲਾਵਾ ਜੇਕਰ ਸਰਕਾਰ ਵਲੋ ਕਿਸੇ ਵੀ ਟੈਕਸ, ਫੀਸ ਆਦਿ ਦਾ ਵਾਧਾ ਕੀਤਾ ਜਾਵੇਗਾ ਤਾਂ ਉਸ ਅਨੁਸਾਰ ਨਗਰ ਨਿਗਮ ਦੀ ਆਮਦਨ ਵਿਚ ਵਾਧਾ ਵਖਰਾ ਹੋਵੇਗਾ ।

<u>ਜਨਰਲ ਸਾਈਡ ਦੀ ਆਮਦਨ</u>

ਸਰਕਾਰ ਵੱਲੋ ਜਨਰਲ ਸਾਈਡ ਦੀ ਆਮਦਨ ਸਾਲ 2014-15 ਲਈ 28894.00 ਲੱਖ ਰੁਪਏ ਮੰਜੂਰ ਕੀਤੀ ਗਈ ਸੀ । ਮਿਤੀ 1-4-14 ਨੂੰ ਜਨਰਲ ਸਾਈਡ ਦਾ ਮੁੱਢਲਾ ਬਕਾਇਆ 676.73 ਲੱਖ ਰੁਪਏ ਸੀ । ਮਿਤੀ 1-4-2014 ਤੋ 31-12-2014 ਤਕ ਜਨਰਲ ਸਾਈਡ ਦੀ ਆਮਦਨ 17448.40 ਲੱਖ ਰੁਪਏ ਪ੍ਰਾਪਤ ਹੋਈ ਹੈ,ਸਾਲ 2014-15 ਦੀ ਆਮਦਨ 25778.75 ਲੱਖ ਰੁਪਏ ਪ੍ਰਾਪਤ ਹੋਣ ਦੀ ਆਸ ਹੈ ਇਸ ਵਿਚ ਹੁਡਕੋ ਕਰਜਾ 400.00 ਲੱਖ ਰੁਪਏ ਸਾਮਲ ਹੈ । ਸਾਲ 2015-16 ਲਈ ਆਮਦਨ ਦਾ ਟੀਚਾ 34061.00 ਲੱਖ ਰੁਪਏ ਮਿਥਿਆ ਗਿਆ ਹੈ ਇਸ ਵਿਚ ਹੁਡਕੋ ਕਰਜਾ 3500 ਲੱਖ ਰੁ: ਸਾਮਲ ਹੈ । ਇਸ ਦਾ ਵੇਰਵਾ ਅਨੁਲਗ-4 ਵਿਚ ਦਰਸਾਇਆ ਗਿਆ ਹੈ।

## <u>ਖਰਚਾ</u>

<u>ਅਮਲਾ ਖਰਚਾ</u>

ਸਾਲ 2014-15 ਵਿਚ ਇਸ ਮੱਦ ਅਧੀਨ ਸਰਕਾਰ ਦੁਆਰਾ 13900.00 ਲੱਖ ਰੁਪਏ ਮੰਨਜੂਰ ਕੀਤੇ ਗਏ ਸਨ ਪਰ ਇਸ ਵਿਚੋ 31-12-14 ਤੱਕ 10000.59 ਲੱਖ ਰੁਪਏ ਦਾ ਖਰਚਾ ਹੋ ਚੁੱਕਾ ਹੈ। ਪਿਛਲੇ ਮਹੀਨਿਆਂ ਦੇ ਖਰਚਿਆਂ ਨੂੰ ਮੱਧੇ ਨਜਰ ਰਖਦੇ ਹੋਏ ਹੁਣ ਸਾਲ 2014-15 ਦਾ ਸੋਧਿਆ ਖਰਚਾ 14000.00 ਲੱਖ ਰੁਪਏ ਤਜਵੀਜ ਕੀਤਾ ਗਿਆ ਹੈ। ਸਾਲ 2014-15 ਵਿਚ ਜੋ ਸਰਕਾਰ ਵੱਲੋ ਬਜਟ ਪਾਸ ਕੀਤਾ ਗਿਆ ਸੀ ਉਸ ਵਿਚ ਖਾਲੀ ਆਸਾਮੀਆ ਦਾ ਖਰਚਾ ਘਟਾ ਕੇ ਬਜਟ ਪਾਸ ਕੀਤਾ ਸੀ। ਇਸ ਮੱਦ ਅਧੀਨ ਸਾਲ 2015-16 ਲਈ 16749.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਸਾਲ ਵਿਚ ਵੀ ਖਾਲੀ ਅਸਾਮੀਆਂ ਦਾ ਖਰਚਾ ਘਟਾਉਣ ਉਪਰੰਤ ਹੀ ਬਜਟ ਉਪਬੰਧ ਕੀਤਾ

ਚਲਦਾ ਸਫਾ....3

ਗਿਆ ਹੈ ਇਸ ਤੋ ਇਲਾਵਾ ਕਰਮਚਾਰੀਆਂ ਦੀ ਗ੍ਰੈਚੂਅਟੀ, ਐਕਸਗਰੇਸੀਆ, ਬਕਾਇਆ ਛੁੱਟੀਆਂ ਦੇ ਲਾਭ, ਪੀ.ਐਫ. ਦੇ ਬਕਾਏ ਅਤੇ ਹੋਰ ਬਕਾਏ ਆਦਿ ਦਾ ਖਰਚਾ ਵੀ ਇਸ ਵਿਚ ਸਾਮਲ ਹੈ। ਅਮਲੇ ਖਰਚੇ ਦਾ ਵੇਰਵਾ ਅਨੁਲਗ-5 ਵਿਚ ਦਰਸਾਇਆ ਗਿਆ ਹੈ ।

<u>ਕੰਟੀਜੈਸੀ</u>

ਸਾਲ 2014-15 ਵਿਚ ਇਸ ਮਦ ਹੇਠ 1099.00 ਲੱਖ ਰੁਪਏ ਦਾ ਬਜਟ ਉਪਬੰਧ ਮੰਜੂਰ ਕੀਤਾ ਗਿਆ ਸੀ ਅਤੇ ਮਿਤੀ 1-4-14 ਤੋ 31-12-14 ਤੱਕ ਇਸ ਮੱਦ ਅਧੀਨ 873.84 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਅਤੇ ਖਰਚੇ ਦੀ ਪਿਛਲੀ ਰਫਤਾਰ ਨੂੰ ਵੇਖਦੇ ਹੋਏ 1279.00 ਲੱਖ ਰੁਪਏ ਸੋਧੇ ਹੋਏ ਬਜਟ ਵਿਚ ਖਰਚ ਹੋਣ ਦੀ ਤਜਵੀਜ ਹੈ।ਸਾਲ 2015-16 ਵਿਚ ਇਸ ਮੱਦ ਅਧੀਨ 1357.00 ਲੱਖ ਰੁਪਏ ਖਰਚ ਹੋਣ ਦੀ ਆਸ ਹੈ। ਜਿਸ ਦਾ ਵੇਰਵਾ ਅਨੁਲਗ - 6 ਏ ਵਿਚ ਦਰਸਾਇਆ ਗਿਆ ਹੈ।

<u>ਵਿਕਾਸ ਦੇ ਖਰਚੇ ਦਾ ਵੇਰਵਾ</u>

ਸਾਲ 2014-15 ਵਿਚ ਇਸ ਮੱਧ ਅਧੀਨ 8498.18 ਲੱਖ ਰੁਪਏ ਦਾ ਬਜਟ ਸਰਕਾਰ ਵੱਲੋ ਪ੍ਰਵਾਨ ਕੀਤਾ ਗਿਆ ਸੀ ਮਿਤੀ 1-4-14 ਤੋ 31-12-14 ਤੱਕ ਇਸ ਮੱਦ ਅਧੀਨ ਜਰਨਲ ਸਾਈਡ ਕੁਲ ਖਰਚਾ 3345.94 ਲੱਖ ਰੁਪਏ ਹੋ ਚੁੱਕਾ ਹੈ। ਇਸ ਤੋ ਇਲਾਵਾ ਜਨਰਲ ਸਾਈਡ ਵਲੋ 3394.83 ਲਖ ਰੁਪਏ ਦਾ ਕੰਟਰੀਬਿਊਸਨ ਮਿਤੀ 31-12-14 ਤਕ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਨੂੰ ਦਿੱਤਾ ਜਾ ਚੁੱਕਾ ਹੈ ।ਸੋਧੇ ਹੋਏ ਬਜਟ ਅਨੁਸਾਰ ਸਾਲ 2014-15 ਲਈ ਜਨਰਲ ਸਾਈਡ ਦੇ ਵਿਕਾਸ ਦੇ ਕੰਮਾਂ ਲਈ 8372.00 ਲੱਖ ਰੁ: ਖਰਚ ਹੋਣ ਦੀ ਆਸ ਹੈ। ਸਾਲ 2015-16 ਲਈ ਵਿਕਾਸ ਦੇ ਕੰਮ ਲਈ 9432 ਲੱਖ ਰੁ: ਖਰਚ ਕਰਨ ਦਾ ਉਪਬੰਧ ਕੀਤਾ ਗਿਆ ਹੈ, ਇਹ ਕੰਮ ਕਰਵਾਉਣ ਲਈ ਹੁਡਕੋ ਕੋਲੋ 3500 ਲੱਖ ਰੁਪਏ ਕਰਜਾ ਲਿਆ ਜਾਵੇਗਾ। ਇਸ ਤੋ ਇਲਾਵਾ 6523.00 ਲੱਖ ਰੁਪਏ ਦਾ ਯੋਗਦਾਨ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਦਿੱਤਾ ਜਾਵੇਗਾ । ਇਸ ਸਬੰਧ ਵਿਚ ਵੇਰਵਾ ਅਨੁਲਗ- 7 ਏ ਅਤੇ 7ਬੀ ਵਿਚ ਦਰਸਾਇਆ ਗਿਆ ਹੈ ।

ਚਲਦਾ ਸਫਾ-4

## ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ

### ਆਮਦਨ

ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੇ ਆਪਣੇ ਬਜਟ ਸਾਲ 2014-15 ਲਈ 2200.00 ਲੱਖ ਰੁਪਏ ਦੀ ਆਮਦਨ ਦੀ ਸਰਕਾਰ ਵੱਲੋ ਮੰਜੂਰੀ ਦਿੱਤੀ ਗਈ ਸੀ। ਮਿਤੀ 1-4-14 ਨੂੰ ਇਸ ਵਿਭਾਗ ਦਾ ਮੁੱਢਲਾ ਬਕਾਇਆ 6.70 ਲੱਖ ਰੁਪਏ ਸੀ । ਇਸ ਵਿਭਾਗ ਨੂੰ ਮਿਤੀ 1-4-14 ਤੋ 31-12-14 ਤੱਕ 1091.00 ਲੱਖ ਰੁਪਏ ਆਮਦਨ ਪ੍ਰਾਪਤ ਹੋਈ ਹੈ ਅਤੇ ਸਾਲ 2014-15 ਦੋਰਾਨ 1800.00 ਲੱਖ ਰੁਪਏ ਹੋਣ ਦੀ ਆਸ ਹੈ ।ਸਾਲ 2015-16 ਵਿਚ 2400.00 ਲੱਖ ਰੁਪਏ ਦੀ ਆਮਦਨ ਦਾ ਉਪਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ 6523 ਲਖ ਰੁਪਏ ਦਾ ਕੰਟਰੀਬਿਊਸ਼ਨ ਸਾਲ 2015-16 ਦੋਰਾਨ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਵਲੋ ਨਗਰ ਨਿਗਮ, ਅੰਮ੍ਰਿਤਸਰ ਦੀ ਜਨਰਲ ਸਾਇਡ ਤੋ ਪ੍ਰਾਪਤ ਕਰਨ ਦਾ ਉਪਬੰਧ ਕੀਤਾ ਗਿਆ ਹੈ । ਇਸ ਦਾ ਵੇਰਵਾ ਅਨੁਲਗ 3 ਅਤੇ 12 ਤੇ ਦਰਸਾਇਆ ਗਿਆ ਹੈ ।

### ਖਰਚਾ ਅਮਲਾ

ਇਸ ਵਿਭਾਗ ਦੇ ਅਮਲੇ ਦਾ ਖਰਚਾ ਸਾਲ 2014-15 ਲਈ 3100.00 ਲੱਖ ਰੁਪਏ ਸਰਕਾਰ ਵੱਲੋ ਮੰਜੂਰ ਕੀਤਾ ਗਿਆ ਸੀ ਮਿਤੀ 1-4-13 ਤੋ 31-12-14 ਤੱਕ ਇਸ ਮੱਦ ਅਧੀਨ 2242.56 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਜਦੋਂ ਕਿ ਇਸ ਮੱਦ ਅਧੀਨ 3000.00 ਲੱਖ ਰੁਪਏ ਖਰਚ ਹੋਣ ਦੀ ਆਸ ਹੈ। ਖਰਚ ਵਿਚ ਵਾਧਾ ਹੋਣ ਦਾ ਕਾਰਣ ਸੋਧੇ ਹੋਏ ਰੀਵਾਈਜਡ ਗ੍ਰੇਡਾਂ ਦਾ ਲਾਗੂ ਹੋਣਾ ਅਤੇ ਇਸ ਦਾ ਬਕਾਇਆ ਦੇਣ ਦਾ ਉਪਬੰਧ, ਡੀਏ ਦੀ ਕਿਸ਼ਤ ਅਤੇ ਆਦਿ ਦੇਣਾ ਹੈ।ਸਾਲ 2015-16 ਲਈ ਇਸ ਮੱਦ ਹੇਠ 4343.00 ਲੱਖ ਰੁਪਏ ਖਰਚ ਹੋਣ ਦੀ ਤਜਵੀਜ ਹੈ ਅਤੇ ਅਮਲੇ ਦੇ ਖਰਚੇ ਵਿਚੋ ਖਾਲੀ ਅਸਾਮੀਆਂ ਦਾ ਖਰਚਾ ਘਟਾ ਕੇ ਬਜਟ ਬਣਾਇਆ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 9 ਵਿਚ ਦਰਜ ਹੈ।

### ਅਚਨਚੇਤ ਖਰਚਾ

ਇਸ ਮੱਧ ਹੇਠ ਸਾਲ 2014-15 ਲਈ 30.00 ਲੱਖ ਰੁਪਏ ਖਰਚੇ ਦੀ ਮੰਜੂਰੀ ਸਰਕਾਰ ਵੱਲੋ ਮਿਲੀ ਸੀ, ਮਿਤੀ 1-4-14 ਤੋ 31-12-14 ਤੱਕ ਇਸ ਮੱਦ ਅਧੀਨ 6.41 ਲੱਖ ਰੁਪਏ ਖਰਚਾ ਹੋ ਚੁੱਕਾ ਹੈ। ਇਸ ਸਾਲ ਦੋਰਾਨ 10.00 ਲੱਖ ਰੁ: ਖਰਚ ਹੋਣ ਦੀ ਆਸ ਹੈ । ਸਾਲ 2015-16 ਲਈ 30.00 ਲੱਖ ਰੁਪਏ ਦਾ ਖਰਚਾ ਇਸ ਹੈਡ ਵਿਚ ਕਰਨ ਦਾ ਉਪਬੰਧ ਕੀਤਾ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 12 ਵਿਚ ਦਰਜ ਹੈ ।

ਚਲਦਾ ਸਫਾ-5

**<u>ਵਿਕਾਸ ਦੇ ਕੰਮਾਂ ਤੇ ਖਰਚਾ</u>**

ਸਾਲ 2014-15 ਲਈ ਇਸ ਮੱਦ ਹੇਠ 4300.00 ਲੱਖ ਰੁਪਏ ਦਾ ਖਰਚਾ ਕਰਨ ਦੀ ਪ੍ਰਵਾਨਗੀ ਸਰਕਾਰ ਵੱਲੋ ਦਿੱਤੀ ਗਈ ਸੀ । ਮਿਤੀ 1-4-14 ਤੋ 31-12-14 ਤੱਕ ਇਸ ਮੱਦ ਅਧੀਨ 2240.80 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਅਤੇ ਇਹ ਖਰਚਾ 4300.00 ਲੱਖ ਰੁਪਏ ਸਾਲ 2014-15 ਵਿਚ ਹੋਣ ਦੀ ਆਸ ਹੈ । ਸਾਲ 2015-16 ਵਿਚ ਇਸ ਮੱਦ ਹੇਠ 4550.00 ਲੱਖ ਰੁਪਏ ਖਰਚੇ ਦਾ ਉਪਬੰਧ ਕੀਤਾ ਗਿਆ ਹੈ । ਜਿਸ ਦਾ ਵੇਰਵਾ ਅਨੁਲਗ 3, 11 ਅਤੇ 12 ਵਿਚ ਦਰਸਾਇਆ ਗਿਆ ਹੈ। ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ 2400.00 ਲੱਖ ਰੁਪਏ ਸਾਲ 2015-16 ਵਿਚ ਹੋਣ ਦੀ ਆਸ ਹੈ ਜਦੋ ਕਿ ਇਸ ਵਿਭਾਗ ਦਾ ਕੁਲ ਖਰਚਾ 8923.00 ਲੱਖ ਰੁਪਏ ਹੋਵੇਗਾ ਅਤੇ ਘਾਟਾ ਪੂਰਾ ਕਰਨ ਲਈ ਜਨਰਲ ਸਾਈਡ ਤੋ ਬਤੌਰ ਯੋਗਦਾਨ 6523.00 ਲੱਖ ਰੁਪਏ ਲੈਣ ਦੀ ਤਜਵੀਜ ਹੈ ਇਸ ਦਾ ਵੇਰਵਾ ਅਨੁਲਗ-3,12 ਵਿਚ ਦਰਸਾਇਆ ਗਿਆ ਹੈ। ਨਗਰ ਨਿਗਮ ਅੰਮ੍ਰਿਤਸਰ ਵਲੋ ਨਗਰ ਸੁਧਾਰ ਟਰਸਟ ਅੰਮ੍ਰਿਤਸਰ ਪਾਸੋ ਲਏ ਹੋਏ ਕਰਜਿਆਂ ਦੇ ਮੂਲ ਅਤੇ ਵਿਆਜ ਦੀ ਵਾਪਸੀ ਦਾ ਕੋਈ ਬਜਟ ਉਪਬੰਧ ਨਹੀ ਕੀਤਾ ਗਿਆ ਹੈ।

ਉਪਰੋਕਤ ਅਨੁਸਾਰ ਜੇਕਰ ਆਪ ਜੀ ਸਹਿਮਤ ਹੋਵੋ ਤਾਂ ਰੀਵਾਈਜਡ ਬਜਟ ਸਾਲ 2014-15 ਅਤੇ ਅਨੁਮਾਨ ਬਜਟ ਸਾਲ 2015-16 ਦੀ ਤਜਵੀਜ ਨਗਰ ਨਿਗਮ ਹਾਊਸ ਵਿਚ ਰੱਖਣ ਲਈ ਕੇਸ ਫਾਈਲ ਕਮਿਸਨਰ ਸਾਹਿਬ, ਮੇਅਰ ਸਾਹਿਬ ਜੀ ਨੂੰ ਭੇਜੀ ਜਾਵੇ ਤਾਂ ਜੋ ਹਾਊਸ ਦੇ ਫੈਸਲੇ ਉਪਰੰਤ ਨਗਰ ਨਿਗਮ ਦਾ ਸਾਲ 2014-15 ਦਾ ਸੋਧਿਆ ਹੋਇਆ ਬਜਟ ਅਤੇ ਸਾਲ 2015-16 ਦਾ ਅਨੁਮਾਨਤ ਬਜਟ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਕ੍ਰਮਵਾਰ ਧਾਰਾ 87(1) ਅਤੇ 86(2) ਅਧੀਨ ਸਥਾਨਕ ਸਰਕਾਰ ਨੂੰ ਪ੍ਰਵਾਨਗੀ ਹਿਤ ਭੇਜਿਆ ਜਾ ਸਕੇ ਜੀ ।

ਇਸ ਕੇਸ ਨੂੰ ਮਾਨਯੋਗ ਕਮਿਸਨਰ ਜੀ ਨੇ ਆਪਣੇ ਹੁਕਮ ਮਿਤੀ 25-3-2015 ਅਤੇ ਮਾਨਯੋਗ ਮੇਅਰ ਸਾਹਿਬ ਜੀ ਨੇ ਆਪਣੇ ਹੁਕਮ ਮਿਤੀ 26-3-2015 ਰਾਹੀ ਹਾਊਸ ਵਿਚ ਰੱਖਣ ਦੀ ਪ੍ਰਵਾਨਗੀ ਦਿਤੀ ਹੈ ।

ਉਪਰੋਕਤ ਕੇਸ ਨਗਰ ਨਿਗਮ ਹਾਊਸ ਦੇ ਵਿਚਾਰਨ-ਪ੍ਰਵਾਨਗੀ ਹਿਤ ਪੇਸ ਹੈ ਜੀ।

ਸਕੱਤਰ ਜੀ

ਡਿਪਟੀ ਕੰਟਰੋਲਰ ਵਿੱਤ ਅਤੇ ਲੇਖਾ,
ਨਗਰ ਨਿਗਮ, ਅੰਮ੍ਰਿਤਸਰ ।